ੴ ਵਾਹਿਗੁਰੂ ਜੀ ਕੀ ਫ਼ਤਹ॥

# ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ

## ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜੀ ਭਾਸ਼ਾ ਵਿੱਚ ਕਰਵਾਇਆ ਜਾ ਰਿਹਾ ਹੈ। ਇਹ ਕੋਰਸ ਗੁਰਬਾਣੀ, ਗੁਰ-ਇਤਿਹਾਸ, ਸਿੱਖ-ਰਹਿਤ ਮਰਯਾਦਾ, ਸਿੱਖ-ਇਤਿਹਾਸ, ਵਿਸ਼ਵ ਦੇ ਪ੍ਰਮੁੱਖ ਧਰਮਾਂ ਦੀ ਜਾਣਕਾਰੀ ਨਾਲ ਸਬੰਧਤ ਹੈ। ਸਿੱਖ/ਗੈਰ-ਸਿੱਖ ਅਰਥਾਤ ਹਰ ਧਰਮ ਦਾ ਵਿਅਕਤੀ, ਵਿਦਿਆਰਥੀ, ਘਰੇਲੂ ਬੀਬੀਆਂ, ਨੌਕਰੀ ਪੇਸ਼ਾ, ਵਪਾਰੀ, ਰਿਟਾਇਰਡ ਅਧਿਕਾਰੀ/ਕਰਮਚਾਰੀ ਭਾਵ ਹਰ ਖੇਤਰ ਨਾਲ ਸਬੰਧਤ ਵਿਅਕਤੀ ਜਿਸ ਦੀ ਉਮਰ 16 ਸਾਲ ਤੋਂ ਉਪਰ ਹੋਵੇ ਦਾਖਲਾ ਲੈ ਕੇ ਘਰ ਬੈਠਿਆਂ ਹੀ ਗੁਰਮਤਿ ਗਿਆਨ ਨਾਲ ਸਬੰਧਤ ਦੋ ਸਾਲ ਦਾ ਕੋਰਸ ਕਰ ਸਕਦਾ ਹੈ।

ਕੋਰਸ ਦੀ ਦਾਖਲਾ ਫ਼ੀਸ ਕੇਵਲ ਭਾਰਤੀ ਨਾਗਰਿਕਾਂ ਲਈ 100/- ਰੁਪਏ ਹੈ। ਵਿਦੇਸ਼ੀ ਨਾਗਰਿਕਾਂ ਲਈ 30 ਅਮਰੀਕੀ ਡਾਲਰ ਜਾਂ 20 ਪੌਂਡ (ਯੂ.ਕੇ.) ਜਾਂ ਭਾਰਤੀ ਕਰੰਸੀ ਵਿਚ 1500/- ਰੁਪਏ ਹੈ। ਦਾਖ਼ਲਾ ਫੀਸ 'ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ' ਦੇ ਨਾਮ ਬੈਂਕ ਡਰਾਫਟ, ਈ-ਮਨੀਆਰਡਰ ਭੇਜ ਕੇ ਜਾਂ ਨਗਦ ਰੂਪ ਵਿਚ 'ਬ੍ਰਾਂਚ ਧਾਰਮਿਕ ਪ੍ਰੀਖਿਆ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ' ਵਿਖੇ ਜਮ੍ਹਾਂ ਕਰਵਾਈ ਜਾ ਸਕਦੀ ਹੈ। ਦਾਖ਼ਲਾ ਫਾਰਮ, ਕੋਰਸ ਸਬੰਧੀ ਹੋਰ ਜਾਣਕਾਰੀ ਲਈ ਵੈਬਸਾਈਟ www.pvcsgpc.org ਵੇਖੋ।

ਦੋ ਸਾਲ ਦਾ ਕੋਰਸ ਪਾਸ ਕਰਨ ਵਾਲੇ ਵਿਦਿਆਰਥੀ ਨੂੰ ਪ੍ਰਮਾਣ-ਪੱਤਰ ਦਿੱਤਾ ਜਾਂਦਾ ਹੈ ਅਤੇ ਮੁਕੰਮਲ ਕੋਰਸ ਵਿਚੋਂ ਪਹਿਲਾ, ਦੂਸਰਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 5100/-4100/-3100/- ਰੁਪਏ ਦੀ ਰਾਸ਼ੀ ਨਾਲ ਧਰਮ ਪ੍ਰਚਾਰ ਕਮੇਟੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਵਿਸ਼ੇਸ਼ ਸਮਾਗਮ ਰਾਹੀਂ ਸਨਮਾਨਿਤ ਕੀਤਾ ਜਾਂਦਾ ਹੈ। 80% ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਹਰੇਕ ਵਿਦਿਆਰਥੀ ਨੂੰ 1100/- ਰੁਪਏ ਸਨਮਾਨ ਵਜੋਂ ਦਿੱਤੇ ਜਾਂਦੇ ਹਨ।

ਕੋਰਸ ਨਾਲ ਸਬੰਧਤ ਦੋ ਪੁਸਤਕਾਂ ਭਾਗ ਪਹਿਲਾ ਅਤੇ ਭਾਗ ਦੂਜਾ ਹਨ। ਵਿਦਿਆਰਥੀਆਂ ਦੇ ਸਾਲਾਨਾ ਪ੍ਰੀਖਿਆ ਦਫ਼ਤਰ ਵੱਲੋਂ ਨਿਰਧਾਰਤ ਕੇਂਦਰਾਂ ਵਿਖੇ ਜਨਵਰੀ ਜਾਂ ਫ਼ਰਵਰੀ ਦੇ ਮਹੀਨੇ ਕਰਵਾਈ ਜਾਂਦੀ ਹੈ। ਕੋਰਸ ਵਿਚ ਦਾਖ਼ਲਾ ਪ੍ਰਾਪਤ ਵਿਦਿਆਰਥੀਆਂ ਨੂੰ ਕੋਰਸ ਨਾਲ ਸੰਬੰਧਤ ਪਾਠ-ਸਮੱਗਰੀ ਆਦਿ ਰਜਿਸਰਟਡ ਡਾਕ ਰਾਹੀਂ ਮੁਫ਼ਤ ਭੇਜੀ ਜਾਂਦੀ ਹੈ। ਸਿਖਿਆਰਥੀਆਂ ਨੂੰ ਸਾਲਾਨਾ ਪ੍ਰੀਖਿਆ ਦੀ ਤਾਰੀਕ, ਡੇਟ-ਸ਼ੀਟ, ਪ੍ਰੀਖਿਆ ਕੇਂਦਰ ਅਤੇ ਰੋਲ-ਨੰਬਰ ਬਾਰੇ ਜਾਣਕਾਰੀ ਚਿੱਠੀ-ਪੱਤਰ, ਟੈਲੀਫਨ ਜਾਂ ਈ-ਮੇਲ ਰਾਹੀਂ ਭੇਜੀ ਜਾਵੇਗੀ। ਪੇਪਰ ਦਾ ਸਮਾਂ ਸਵੇਰੇ 10:00 ਤੋਂ 12:00 ਅਤੇ ਦੁਪਹਿਰ 1:00 ਤੋਂ 3:00 ਵਜੇ ਤੀਕ 2 ਘੰਟੇ ਦਾ ਹੋਵੇਗਾ।

### ਪਹਿਲੇ ਸਾਲ ਦੀ ਪੁਸਤਕ

**ਸਿੱਖ ਧਰਮ ਅਧਿਐਨ (ਮੁਢਲੀ ਜਾਣਕਾਰੀ)**

**ਭਾਗ ਪਹਿਲਾ**

ਪੇਪਰ ਪਹਿਲਾ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰ-ਇਤਿਹਾਸ

ਪੇਪਰ ਦੂਜਾ:- ਸਿੱਖ ਇਤਿਹਾਸ ਦੇ ਮੁਢਲੇ ਸੋਮੇ ਅਤੇ ਸਿੱਖ ਰਹਿਤ ਮਰਯਾਦਾ ਤੇ ਤਿਉਹਾਰ

### ਦੂਸਰੇ ਸਾਲ ਦੀ ਪੁਸਤਕ

**ਸਿੱਖ ਧਰਮ ਅਧਿਐਨ (ਮੁਢਲੀ ਜਾਣਕਾਰੀ)**

**ਭਾਗ ਦੂਜਾ**

ਪੇਪਰ ਤੀਸਰਾ:- ਵਿਸ਼ਵ ਧਰਮ, ਧਰਮ ਗ੍ਰੰਥ ਅਤੇ ਭਗਤ ਜੀਵਨੀਆਂ

ਪੇਪਰ ਚੌਥਾ:- ਪ੍ਰਮੁੱਖ ਸਿਧਾਂਤ, ਸੰਸਥਾਵਾਂ ਅਤੇ ਪ੍ਰਮੁੱਖ ਸਿੱਖ ਸੰਪ੍ਰਦਾਵਾਂ ਤੇ ਲਹਿਰਾਂ

ਸਹੀ/-

**ਇੰਚਾਰਜ,**

**ਧਾਰਮਿਕ ਪ੍ਰੀਖਿਆ**

**ਫੋਨ-0183-2553956-60,ਐਕਸ-305,ਫੈਕਸ-91-183-2553919**

**Email- religiousexam@gmail.com, Web site- www.pvcsgpc.org**